ਮਿੱਠੇ ਬੱਚੇ:- "ਮਿੱਠੇ ਬੱਚੇ :- ਇਸ ਪਾਠਸ਼ਾਲਾ ਵਿੱਚ ਆਉਣ ਨਾਲ ਤੁਹਾਨੂੰ ਪ੍ਰਤੱਖਫਲ ਦੀ ਪ੍ਰਾਪਤੀ ਹੁੰਦੀ ਹੈ, ਇੱਕ - ਇੱਕ ਗਿਆਨ ਰਤਨ ਲੱਖਾਂ ਦੀ ਮਲਕੀਅਤ ਹੈ, ਜੋ ਬਾਪ ਦਿੰਦੇ ਹਨ"

ਪ੍ਰਸ਼ਨ:- ਬਾਬਾ ਜੋ ਨਸ਼ਾ ਚੜਾਉਂਦੇ ਹਨ, ਉਹ ਹਲਕਾ ਕਿਉਂ ਹੋ ਜਾਂਦਾ ਹੈ? ਨਸ਼ਾ ਸਦਾ ਚੜਿਆ ਰਹੇ ਉਸਦੀ ਯੁਕਤੀ ਕੀ ਹੈ?

ਉੱਤਰ:- ਨਸ਼ਾ ਹਲਕਾ ਉਦੋਂ ਹੁੰਦਾ ਹੈ ਜਦੋਂ ਬਾਹਰ ਜਾਕੇ ਕੁਟੁੰਮਬ ਪਰਿਵਾਰ ਵਾਲਿਆਂ ਦੇ ਮੂੰਹ ਦੇਖਦੇ ਹੋ। ਨਸ਼ਟੋਮੋਹਾ ਨਹੀਂ ਬਣੇ ਹੋ। ਨਸ਼ਾ ਸਦਾ ਚੜ੍ਹਿਆ ਰਹੇ ਉਸਦੇ ਲਈ ਬਾਪ ਨਾਲ ਰੂਹਰਿਹਾਨ ਕਰਨਾ ਸਿੱਖੋ। ਬਾਬਾ, ਅਸੀਂ ਤੁਹਾਡੇ ਸੀ, ਤੁਸੀਂ ਸਾਨੂੰ ਸਵਰਗ ਵਿੱਚ ਭੇਜਿਆ, ਅਸੀਂ 21 ਜਨਮ ਸੁਖ ਭੋਗਿਆ ਫਿਰ ਦੁਖੀ ਹੋਏ। ਹੁਣ ਅਸੀਂ ਫਿਰ ਤੋਂ ਸੁਖ ਦਾ ਵਰਸਾ ਲੈਣ ਆਏ ਹਾਂ। ਨਸ਼ਟੋਮੋਹਾ ਬਣੋ ਤਾਂ ਨਸ਼ਾ ਚੜ੍ਹਿਆ ਰਹੇ।

ਗੀਤ:- ਾ :- ਮਰਨਾ ਤੇਰੀ ਗਲੀ ਵਿੱਚ...

ਓਮ ਸ਼ਾਂਤੀ। ਇਹ ਕਿਸਦੇ ਬੋਲ ਸੁਣੇ? ਗੋਪ ਗੋਪੀਆਂ ਦੇ। ਕਿਸਦੇ ਲਈ ਕਹਿੰਦੇ ਹਨ? ਪਰਮਪਿਤਾ ਪਰਮਾਤਮਾ ਸ਼ਿਵਬਾਬਾ ਦੇ ਲਈ। ਨਾਮ ਤਾਂ ਜਰੂਰ ਚਾਹੀਦਾ ਹੈ ਨਾ। ਕਹਿੰਦੇ ਹਨ - ਬਾਬਾ, ਤੁਹਾਡੇ ਗਲੇ ਦਾ ਹਾਰ ਬਣਨ ਦੇ ਲਈ ਜਿਉਂਦੇ ਜੀ ਅਸੀਂ ਤੁਹਾਡਾ ਬਣਦੇ ਹਾਂ। ਤੁਹਾਨੂੰ ਹੀ ਯਾਦ ਕਰਨ ਨਾਲ ਅਸੀਂ ਤੁਹਾਡੇ ਗਲੇ ਦਾ ਹਾਰ ਬਣਾਂਗੇ। ਰੁਦ੍ਰ ਮਾਲਾ ਤਾਂ ਪ੍ਰਸਿੱਧ ਹੈ। ਬਾਪ ਨੇ ਸਮਝਾਇਆ ਹੈ ਸਭ ਆਤਮਾਵਾਂ ਰੁਦਰ ਦੀ ਮਾਲਾ ਹਨ। ਇਹ ਰੂਹਾਨੀ ਝਾੜ ਹੈ। ਉਹ ਹੈ ਜਿਨਾਲਾਜਿਕਲ ਮਨੁੱਖਾਂ ਦਾ ਝਾੜ, ਇਹ ਹੈ ਆਤਮਾਵਾਂ ਦਾ ਝਾੜ। ਝਾੜ ਵਿਚ ਸੈਕਸ਼ਨ ਵੀ ਹਨ। ਦੇਵੀ - ਦੇਵਤਾਵਾਂ ਦਾ ਸੈਕਸ਼ਨ, ਇਸਲਾਮਿਆ ਦਾ ਸੈਕਸ਼ਨ, ਬੋਧੀਆਂ ਦਾ ਸੈਕਸ਼ਨ। ਇਹ ਗੱਲਾਂ ਹੋਰ ਕੋਈ ਸਮਝਾ ਨਹੀਂ ਸਕਦੇ। ਗੀਤਾ ਦਾ ਭਗਵਾਨ ਹੀ ਸੁਣਾਉਂਦੇ ਹਨ। ਉਹ ਹੀ ਜਨਮ -ਮਰਨ ਰਹਿਤ ਹੈ। ਉਹਨਾਂ ਨੂੰ ਅਜਨਮਾ ਨਹੀਂ ਕਹਿ ਸਕਦੇ। ਸਿਰਫ਼ ਜਨਮ -ਮਰਨ ਵਿੱਚ ਆਉਣ ਵਾਲਾ ਨਹੀਂ ਹੈ। ਉਹਨਾਂ ਦਾ ਸਥੂਲ ਅਤੇ ਸੂਕ੍ਸ਼੍ਮ ਸ਼ਰੀਰ ਨਹੀਂ ਹੈ। ਮੰਦਿਰਾਂ ਵਿੱਚ ਵੀ ਸ਼ਿਵਲਿੰਗ ਨੂੰ ਹੀ ਪੂਜਦੇ ਹਨ, ਉਹਨਾਂ ਨੂੰ ਹੀ ਪਰਮਾਤਮਾ ਕਹਿੰਦੇ ਹਨ। ਦੇਵਤਾਵਾਂ ਦੇ ਅੱਗੇ ਹੀ ਜਾਕੇ ਮਹਿਮਾ ਗਾਉਂਦੇ ਹਨ। ਬ੍ਰਹਮਾ ਪ੍ਰਮਾਤਮਾਏ ਨਮ: ਕਦੀ ਨਹੀਂ ਕਹਿਣ ਗੇ। ਸ਼ਿਵ ਨੂੰ ਹੀ ਹਮੇਸ਼ਾ ਪਰਮਾਤਮਾ ਸਮਝਦੇ ਹਨ। ਸ਼ਿਵ ਪਰਮਾਤਮਾ ਨਮ: ਕਹਿਣਗੇ। ਉਹ ਹੈ ਮੂਲਵਤਨ, ਉਹ ਹੈ ਸੂਕਸ਼ਮਵਤਨ ਅਤੇ ਇਹ ਹੈ ਸਥੂਲ ਵਤਨ।

ਹੁਣ ਤੁਸੀਂ ਜਾਣਦੇ ਹੋ ਕਿ ਇੱਥੇ ਉਹ ਗਿਆਨ ਨਹੀਂ ਕਿ ਪਰਮਾਤਮਾ ਸਰਵਵਿਆਪੀ ਹੈ। ਜੇਕਰ ਇਹਨਾਂ ਵਿੱਚ ਵੀ ਪਰਮਾਤਮਾ ਹੋਵੇ ਤਾਂ ਫਿਰ ਇਹਨਾਂ ਨੂੰ ਪਰਮਾਤਮਾ ਨਮ: ਕਿਹਾ ਜਾਏ। ਸ਼ਰੀਰ ਵਿੱਚ ਹੁੰਦੇ ਪਰਮਾਤਮਾ ਨਮ: ਨਹੀਂ ਕਹਿੰਦੇ। ਅਸਲ ਵਿੱਚ ਅੱਖਰ ਹੀ ਹੈ ਮਹਾਨ ਆਤਮਾ, ਪੁੰਨ ਆਤਮਾ, ਪਾਪ ਆਤਮਾ…। ਮਹਾਨ ਪਰਮਾਤਮਾ ਨਹੀਂ ਕਿਹਾ ਜਾਂਦਾ। ਪੁੰਨ ਪਰਮਾਤਮਾ ਅਤੇ ਪਾਪ ਪਰਮਾਤਮਾ ਅੱਖਰ ਵੀ ਨਹੀਂ ਹੈ। ਇਹ ਤਾਂ ਸਮਝਣ ਦੀਆਂ ਗੱਲਾਂ ਹਨ ਨਾ। ਸਿਰਫ਼ ਤੁਸੀਂ ਬੱਚੇ ਹੀ ਜਾਣਦੇ ਹੋ ਕਿ ਇਸ ਪਾਠਸ਼ਾਲਾ ਵਿੱਚ ਆਉਣ ਨਾਲ ਪ੍ਰਤੱਖਫਲ ਦੇਣ ਵਾਲੀ ਪ੍ਰਾਪਤੀ ਹੁੰਦੀ ਹੈ। ਇਸ ਪੜ੍ਹਾਈ ਨਾਲ ਅਸੀਂ ਭਵਿੱਖ ਵਿੱਚ ਦੇਵੀ - ਦੇਵਤਾ ਬਣਾਂਗੇ ਹੋਰ ਕੋਈ ਇਵੇਂ ਕਹਿ ਨਹੀਂ ਸਕਦੇ। ਮਨੁੱਖ ਤੋਂ ਦੇਵਤਾ ਤਾਂ ਤੁਸੀਂ ਬਣਦੇ ਹੋ। ਦੇਵਤਾਵਾਂ ਵਿੱਚ ਪ੍ਰਸਿੱਧ ਹਨ ਲਕਸ਼ਮੀ - ਨਾਰਾਇਣ ਇਸਲਈ ਸਤ ਨਾਰਾਇਣ ਦੀ ਕਥਾ ਕਹਿੰਦੇ ਹਨ। ਨਾਰਾਇਣ ਦੇ ਨਾਲ ਲਕਸ਼ਮੀ ਤਾਂ ਜਰੂਰ ਹੋਵੇਗੀ। ਸਤ ਰਾਮ ਦੀ ਕਥਾ ਨਹੀਂ ਕਹਿੰਦੇ। ਸਤ ਨਾਰਾਇਣ ਦੀ ਕਥਾ ਕਹਿੰਦੇ ਹਨ। ਅੱਛਾ, ਉਸ ਨਾਲ ਕੀ ਹੋਵੇਗਾ? ਨਰ ਤੋਂ ਨਰਾਇਣ ਬਣਨਗੇ। ਬੈਰਿਸਟਰ ਦਵਾਰਾ ਬੈਰਿਸਟਰੀ ਦੀ ਕਥਾ ਸੁਣ ਬੈਰਿਸਟਰ ਬਣਨਗੇ। ਇੱਥੇ ਤੁਸੀਂ ਆਉਂਦੇ ਹੋ ਹੀ ਭਵਿੱਖ 21 ਜਨਮਾਂ ਦੀ ਪ੍ਰਾਪਤੀ ਦੇ ਲਈ। ਭਵਿੱਖ 21 ਜਨਮਾਂ ਦੀ ਪ੍ਰਾਪਤੀ ਵੀ ਉਦੋਂ ਹੁੰਦੀ ਹੈ ਜਦੋਂ ਸੰਗਮਯੁਗ ਹੁੰਦਾ ਹੈ। ਤੁਸੀਂ ਜਾਣਦੇ ਹੋ ਅਸੀਂ ਆਏ ਹਾਂ ਬਾਪ ਤੋਂ ਸਤਯੁਗੀ ਰਾਜਧਾਨੀ ਦਾ ਵਰਸਾ ਲੈਣ। ਪਰ ਪਹਿਲੇ ਤਾਂ ਇਹ ਪੱਕਾ ਨਿਸ਼ਚੇ ਚਾਹੀਦਾ ਹੈ ਕਿ ਸ਼ਿਵਬਾਬਾ ਸਾਡਾ ਬਾਬਾ ਹੈ। ਇਸ ਬ੍ਰਹਮਾ ਦਾ ਵੀ ਉਹ ਬਾਬਾ ਹੈ। ਤਾਂ ਬੀ. ਕੇ. ਦਾ ਦਾਦਾ ਹੋਇਆ। ਇਹ ਬਾਪ ਕਹਿੰਦੇ ਹਨ ਇਹ ਮੇਰੀ ਪ੍ਰਾਪਰਟੀ ਨਹੀਂ ਹੈ। ਦਾਦਾ ਦੀ ਪ੍ਰਾਪਰਟੀ ਤੁਹਾਨੂੰ ਮਿਲਦੀ ਹੈ। ਸ਼ਿਵਬਾਬਾ ਦੇ ਕੋਲ ਗਿਆਨ ਰਤਨਾਂ ਦਾ ਧਨ ਹੈ। ਇੱਕ - ਇੱਕ ਰਤਨ ਲੱਖਾਂ ਦੀ ਮਲਕੀਅਤ ਹੈ। ਇਸਦੀ ਕੀਮਤ ਇੰਨੀ ਭਾਰੀ ਹੈ ਜੋ 21 ਜਨਮ ਦੇ ਲਈ ਰਾਜ ਭਾਗ ਦੇ ਸੁਪਨੇ ਵਿੱਚ ਵੀ ਨਹੀਂ ਹੋਵੇਗਾ। ਲਕਸ਼ਮੀ -ਨਾਰਾਇਣ ਆਦਿ ਦੀ ਪੂਜਾ ਤਾਂ ਭਾਵੇਂ ਕਰਦੇ ਆਏ ਹਨ ਪਰ ਇਹ ਕਿਸੇਨੂੰ ਪਤਾ ਨਹੀਂ ਕਿ ਇਹਨਾਂ ਨੇ ਇਹ ਪਦਵੀ ਕਿਵੇਂ ਪਾਈ? ਸਤਿਯੁਗ ਦੀ ਉਮਰ ਲੱਖਾ ਵਰ੍ਹੇ ਕਹਿ ਦਿੱਤੀ ਹੈ ਇਸਲਈ ਕੁਝ ਵੀ ਸਮਝ ਨਹੀਂ ਸਕਦੇ ਹਨ। ਹੁਣ ਤੁਸੀਂ ਜਾਣਦੇ ਹੋ ਉਹਨਾਂ ਨੂੰ ਰਾਜ ਕੀਤੇ 5 ਹਜ਼ਾਰ ਵਰ੍ਹੇ ਹੋਏ। ਫਿਰ ਇੱਕ ਸੰਵਤ ਤੋਂ ਸ਼ੁਰੂ ਹੋਈ ਕਹਾਣੀ ਕਹੀ ਜਾਂਦੀ ਹੈ। ਲਾਂਗ - ਲਾਂਗ ਏਗੋ …ਇਸ ਭਾਰਤ ਵਿੱਚ ਹੀ ਲਕਸ਼ਮੀ - ਨਰਾਇਣ ਦਾ ਰਾਜ ਸੀ। ਭਾਰਤ ਨੂੰ ਬਹਿਸ਼ਤ, ਸਵਰਗ ਕਿਹਾ ਜਾਂਦਾ ਹੈ। ਇਹ ਕਿਸੇਦੀ ਬੁੱਧੀ ਵਿੱਚ ਨਹੀਂ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਕਲਪ ਦੀ ਉਮਰ ਹੈ 5 ਹਜ਼ਾਰ ਵਰ੍ਹੇ ਹੈ। ਇਹਨਾਂ ਸ਼ਾਸ਼ਤਰਾਂ ਵਿੱਚ ਜੋ ਲਿਖਿਆ ਹੈ ਇਹ ਸਭ ਵੀ ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਇਹਨਾਂ ਨੂੰ ਸੁਣਨ ਨਾਲ ਪਰਿਣਾਮ ਕੁਝ ਵੀ ਨਹੀਂ ਨਿਕਲਿਆ। ਕਿੰਨੇ ਸ਼ਾਦਨਾਮੇ ਕਰਦੇ ਹਨ। ਜਗਤ ਅੰਬਾ ਹੈ ਤਾਂ ਇੱਕ ਹੀ ਪਰ ਉਹਨਾਂ ਦੀਆਂ ਮੂਰਤੀਆਂ ਕਿੰਨੀਆਂ ਬਣਾਉਂਦੇ ਹਨ। ਤਾਂ ਜਗਤ ਅੰਬਾ ਸਰਸਵਤੀ ਬ੍ਰਹਮਾ ਦੀ ਬੇਟੀ ਹੈ। ਬਾਕੀ 8 - 10 ਬਾਹਵਾਂ ਤਾਂ ਹਨ ਨਹੀਂ। ਬਾਪ ਕਹਿੰਦੇ ਹਨ ਇਹ ਸਭ ਭਗਤੀ ਮਾਰਗ ਦੀ ਵੱਡੀ

ਸਮਗ੍ਰੀ ਹੈ। ਗਿਆਨ ਵਿੱਚ ਤਾ ਇਹ ਕੁਝ ਨਹੀਂ ਹੈ, ਚੁੱਪ ਰਹਿਣਾ ਹੈ। ਬਾਪ ਨੂੰ ਯਾਦ ਕਰਨਾ ਹੈ। ਇਵੇਂ ਦੀਆਂ ਬਹੁਤ ਬੱਚੀਆਂ ਹਨ ਜਿਨ੍ਹਾਂ ਨੂੰ ਕਦੀ ਦੇਖਿਆ ਵੀ ਨਹੀਂ। ਲਿਖਦੀਆਂ ਹਨ ਬਾਬਾ ਤੁਸੀਂ ਸਾਨੂੰ ਪਹਿਚਾਣਦੇ ਨਹੀਂ ਹੋ। ਪਰ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ। ਤੁਸੀਂ ਉਹ ਹੀ ਬਾਬਾ ਹੋ, ਅਸੀਂ ਤੁਹਾਡੇ ਕੋਲੋਂ ਵਰਸਾ ਲੈਕੇ ਹੀ ਛੱਡਾਂਗੇ। ਘਰ ਬੈਠੇ ਵੀ ਬਹੁਤਿਆਂ ਨੂੰ ਸਾਕਸ਼ਾਤਕਾਰ ਹੁੰਦੇ ਹਨ। ਭਾਵੇਂ ਸਾਕਸ਼ਾਤਕਰ ਨਾ ਵੀ ਹੋਵੇ ਤਾਂ ਵੀ ਲਿਖਦੀਆਂ ਰਹਿੰਦੀਆਂ ਹਨ। ਯਾਦ ਵਿੱਚ ਇਕਦਮ ਲਵਲੀਨ ਹੋ ਜਾਂਦੀਆਂ ਹਨ। ਬਾਪ ਹੀ ਸਦਗਤੀ ਦਾਤਾ ਹੈ, ਉਹਨਾਂ ਨੂੰ ਕਿੰਨਾ ਪਿਆਰ ਕਰਨਾ ਚਾਹੀਦਾ ਹੈ। ਮਾਂ -ਬਾਪ ਨਾਲ ਬੱਚੇ ਇਕਦਮ ਲਿਪਟ ਜਾਂਦੇ ਹਨ ਕਿਉਂਕਿ ਮਾਂ -ਬਾਪ ਬੱਚਿਆਂ ਨੂੰ ਸੁਖ ਦਿੰਦੇ ਹਨ। ਪਰ ਅੱਜਕਲ ਦੇ ਮਾਂ -ਬਾਪ ਕੋਈ ਸੁਖ ਨਹੀਂ ਦਿੰਦੇ ਹਨ ਹੋਰ ਹੀ ਵਿਕਾਰਾਂ ਵਿੱਚ ਫਸਾ ਦਿੰਦੇ ਹਨ। ਬਾਪ ਕਹਿੰਦੇ ਹਨ - ਪਾਸਟ ਇੰਜ ਪਾਸਟ। ਹੁਣ ਤੁਹਾਨੂੰ ਸਿੱਖਿਆ ਮਿਲਦੀ ਹੈ - ਬੱਚੇ ਕਾਮ ਕਟਾਰੀ ਦੀਆਂ ਗੱਲਾਂ ਛੱਡ ਪਵਿੱਤਰ ਬਣੋ ਕਿਉਂਕਿ ਹੁਣ ਤੁਹਾਨੂੰ ਕ੍ਰਿਸ਼ਨਪੁਰੀ ਵਿੱਚ ਚੱਲਣਾ ਹੈ। ਸ਼੍ਰੀਕ੍ਰਿਸ਼ਨ ਦਾ ਰਾਜ ਹੈ ਹੀ ਸਤਿਯੁਗ ਵਿੱਚ। ਮਨੁੱਖਾਂ ਨੇ ਸ਼੍ਰੀਕ੍ਰਿਸ਼ਨ ਨੂੰ ਦਵਾਪਰ ਵਿੱਚ ਦਿਖਾ ਦਿੱਤਾ ਹੈ। ਇਵੇਂ ਥੋੜੀਹੀ ਸਤਿਯੁਗ ਦਾ ਪ੍ਰਿੰਸ ਦਵਾਪਰ ਵਿੱਚ ਆਕੇ ਗੀਤਾ ਸੁਣਾਉਣਗੇ। ਉਹਨਾਂ ਨੂੰ ਤਾਂ ਸ਼੍ਰੀ ਨਾਰਾਇਣ ਬਣ ਸਤਿਯੁਗ ਵਿੱਚ ਰਾਜ ਕਰਨਾ ਹੈ।

ਭਗਵਾਨੁਵਾਚ - ਇਸ ਸਮੇਂ ਸਭ ਮਨੁੱਖਮਾਤਰ ਆਸੁਰੀ ਸੁਭਾਵ ਵਾਲੇ ਹਨ। ਉਹਨਾਂ ਨੂੰ ਦੈਵੀ ਸੁਭਾਵ ਵਾਲਾ ਬਣਾਉਣ ਗੀਤਾ ਦਾ ਭਗਵਾਨ ਆਉਂਦਾ ਹੈ। ਉਸ ਬਾਪ ਦੇ ਬਦਲੇ ਬੱਚੇ ਦਾ ਨਾਮ ਲਿੱਖ ਦਿਤਾ ਹੈ ਜਿਸ ਬੱਚਿਆਂ ਨੂੰ ਫਿਰ ਦਵਾਪਰ ਵਿੱਚ ਲੈ ਆਏ ਹਨ। ਇਹ ਵੀ ਵੱਡੀ ਭੁੱਲ ਹੈ। ਫਿਰ ਤਾਂ ਯਾਦਵ ਅਤੇ ਪਾਂਡਵ ਸਿੱਧ ਨਾ ਹੋਵੇ। ਤਾਂ ਬਾਪ ਕਹਿੰਦੇ ਹਨ - ਬੱਚੇ, ਤੁਸੀਂ ਤਾਂ ਉੱਚ ਦੈਵੀ ਕੁਲ ਦੇ ਸੀ ਫਿਰ ਤੁਹਾਡਾ ਇਹ ਹਾਲ ਕਿਉਂ ਹੋਇਆ ਹੈ? ਹੁਣ ਫਿਰ ਤੁਹਾਨੂੰ ਦੇਵਤਾ ਬਣਾਉਂਦਾ ਹਾਂ। ਮਨੁੱਖ, ਮਨੁੱਖ ਨੂੰ ਸਵਰਗ ਦਾ ਰਾਜਾ ਨਹੀਂ ਬਣਾ ਸਕਦੇ। ਮਨੁੱਖ ਥੋੜੀਹੀ ਸਵਰਗ ਦੀ ਸਥਾਪਨਾ ਕਰਨਗੇ। ਆਤਮਾ ਨੂੰ ਪਰਮਾਤਮਾ ਕਹਿਣਾ ਕਿੰਨੀ ਵੱਡੀ ਭੁੱਲ ਹੈ। ਸੰਨਿਆਸੀ ਤਾਂ ਮਨੁੱਖ ਤੋਂ ਦੇਵਤਾ ਬਣਾ ਨਾ ਸਕੇ। ਇਹ ਤਾਂ ਬਾਪ ਦਾ ਹੀ ਕੰਮ ਹੈ। ਆਰਯ ਸਮਾਜੀ, ਆਰਯ ਸਮਾਜੀ ਬਣਾਉਣਗੇ। ਕ੍ਰਿਸ਼ਚਨ, ਕ੍ਰਿਸ਼ਚਨ ਬਣਾਉਣਗੇ। ਇਵੇਂ ਜਿਸਦੇ ਕੋਲ ਤੁਸੀਂ ਜਾਓਗੇ ਉਹ ਉਵੇਂ ਹੀ ਬਨਾਉਣਗੇ। ਦੇਵਤਾ ਧਰਮ ਹੈ ਹੀ ਸਤਿਯੁਗ ਵਿੱਚ, ਤਾਂ ਬਾਪ ਨੂੰ ਸੰਗਮ ਤੇ ਆਉਣਾ ਪਵੇ। ਇਹ ਮਹਾਭਾਰਤ ਯੁੱਧ ਹੈ, ਇਸ ਲੜਾਈ ਦਵਾਰਾ ਹੀ ਤੁਹਾਡੀ ਵਿਜੇ ਹੁੰਦੀ ਹੈ। ਵਿਨਾਸ਼ ਦੇ ਬਾਅਦ ਫਿਰ ਜਯ -ਜਯਕਾਰ ਹੋਵੇਗੀ। ਤੁਸੀਂ ਤਾਂ ਜਾਣਦੇ ਹੋ ਵਿਨਾਸ਼ ਵੀ ਜਰੂਰ ਹੋਣ ਵਾਲਾ ਹੈ। ਅੱਜ ਕੋਈ ਤਖ਼ਤ ਤੇ ਬੈਠਿਆ ਤਾਂ ਉਹਨਾਂ ਨੂੰ ਉਤਾਰਨ ਵਿੱਚ ਦੇਰੀ ਥੋੜੀਹੀ ਕਰਦੇ ਹਨ। ਕੀ ਇਸਨੂੰ ਸਵਰਗ ਕਹਾਂਗੇ? ਇੱਥੇ ਤਾਂ ਪੂਰਾ ਨਰਕ ਹੈ। ਇਸਨੂੰ ਸਵਰਗ ਕਹਿਣਾ ਤਾਂ ਭੁੱਲ ਹੈ। ਮਨੁੱਖ ਕਿੰਨੇ ਦੁੱਖੀ ਹਨ। ਅੱਜ ਕੋਈ ਜੰਮਿਆਂ ਤਾਂ ਖੁਸ਼ੀ - ਸੁਖ ਅਤੇ ਮਰਿਆ ਤਾਂ ਦੁੱਖ। ਇੱਥੇ ਤਾਂ ਸਭਤੋਂ ਨਸ਼ਟੋਮੋਹਾ ਹੋਣਾ ਪਵੇ। ਨਹੀਂ ਤਾਂ ਬਾਬਾ ਸਰਵਿਸ ਤੇ ਜਾਣ ਦੇ ਲਈ ਕਦੀ ਨਹੀਂ ਕਹਿਣਗੇ। ਬਾਬਾ ਕਹਿੰਦੇ ਹਨ ਮੈਂ ਤਾਂ ਨਸ਼ਟੋਮੋਹਾ ਹਾਂ। ਕਿਸੇ ਚੀਜ਼ ਵਿੱਚ ਮੋਹ ਕਿਉਂ ਰੱਖਾਂ। ਮੈਂ ਕੋਈ ਗ੍ਰਹਿਸਥੀ ਥੋੜੀ ਹੀ ਹਾਂ।

ਤੁਸੀਂ ਬੱਚੇ ਜਾਣਦੇ ਹੋ ਬਰੋਬਰ ਇਸ ਭੰਭੋਰ ਨੂੰ ਅੱਗ ਲੱਗਣੀ ਹੈ, ਵਿਨਾਸ਼ ਵਿੱਚ ਦੇਰੀ ਥੋੜੀਹੀ ਲੱਗਦੀ ਹੈ। ਤੁਸੀਂ ਕਿਧਰੇ ਭਾਸ਼ਣ ਕਰਦੇ ਹੋ ਤਾਂ ਸਮਝਾਉਂਦੇ ਹੋ ਕਿ ਆਕੇ ਬੇਹੱਦ ਦੇ ਬਾਪ ਕੋਲੋਂ ਵਰਸਾ ਲਵੋ। ਹੱਦ ਦੇ ਬਾਪ ਤੋਂ ਹੱਦ ਦਾ ਵਰਸਾ ਮਿਲਦਾ ਹੈ। ਤੁਸੀਂ 63 ਜਨਮ ਇਸ ਨਰਕ ਵਿੱਚ ਲਏ ਹਨ। ਮੈਂ 21 ਜਨਮ ਦੇ ਲਈ ਤੁਹਾਨੂੰ ਸਵਰਗ ਦਾ ਵਰਸਾ ਦੇਣ ਆਇਆ ਹਾਂ। ਹੁਣ ਰਾਵਣ ਦਾ ਵਰਸਾ ਚੰਗਾ ਹੈ ਜਾਂ ਰਾਮ ਦਾ? ਜੇਕਰ ਰਾਵਣ ਦਾ ਚੰਗਾ ਹੈ ਤਾਂ ਉਸ ਨੂੰ ਸਾੜਦੇ ਕਿਉਂ ਹੋ? ਸ਼ਿਵਬਾਬਾ ਨੂੰ ਸਾੜਦੇ ਹੋ ਕੀ? ਸ਼੍ਰੀਕ੍ਰਿਸ਼ਨ ਨੂੰ ਥੋੜੇਹੀ ਸਾੜਦੇ ਹਨ। ਉਹ ਤਾਂ ਹੈ ਹੀ ਰਾਵਣ ਸੰਪ੍ਰਦਾਈ, ਵਿਕਾਰ ਤੋਂ ਪੈਦਾ ਹੁੰਦੇ ਹਨ। ਇਹ ਹੈ ਵੇਸ਼ਾਲਿਆ, ਵਿਸ਼ੇ ਸਾਗਰ। ਉਹ ਹੈ ਵਾਈਸਲੇਸ, ਸ਼ਿਵਾਲਾ, ਅੰਮ੍ਰਿਤ ਸਾਗਰ। ਸ਼ੀਰ ਸਾਗਰ ਵਿੱਚ ਵਿਸ਼ਨੂੰ ਨੂੰ ਦਿਖਾਉਂਦੇ ਹਨ ਨਾ। ਹੁਣ ਸ਼ੀਰ ਦਾ ਸਾਗਰ ਥੋੜੀਹੀ ਹੁੰਦਾ ਹੈ। ਦੁੱਧ ਤਾਂ ਗਊ ਤੋਂ ਨਿਕਲਦਾ ਹੈ। ਹੁਣ ਦੇਖੋ ਕਹਿੰਦੇ ਹਨ ਈਸ਼ਵਰ ਸਰਵਵਿਆਪੀ ਹੈ ਫਿਰ ਆਪਣੇ ਨੂੰ ਸ਼ਿਵੋਹਮ ਕਹਿੰਦੇ ਹਨ ਕਿਉਂਕਿ ਖੁਦ ਪਵਿੱਤਰ ਰਹਿੰਦੇ, ਦੂਸਰੇ ਨੂੰ ਇਵੇਂ ਥੋੜੇਹੀ ਕਹਿੰਦੇ - ਤੁਹਾਡੇ ਵਿੱਚ ਈਸ਼ਵਰ ਹੈ, ਤੁਹਾਡੇ ਵਿੱਚ ਨਹੀਂ ਹੈ ਕਿਉਂਕਿ ਤੁਸੀਂ ਪਤਿਤ ਹੋ। ਆਤਮਾ ਕਹਿੰਦੀ ਹੈ ਮੈਂ ਹੁਣ ਪਰਮਪਿਤਾ ਪਰਮਾਤਮਾ ਦਵਾਰਾ ਪਾਵਨ ਬਣ ਰਹੀ ਹਾਂ, ਫਿਰ ਪਾਵਨ ਬਣ ਰਾਜ ਕਰਨਗੇ। ਤੁਸੀਂ ਅਨੇਕ ਵਾਰ ਵਰਸਾ ਲਿਆ ਅਤੇ ਗਵਾਇਆ ਹੈ। ਇਹ ਡਰਾਮੇ ਦਾ ਚਕ੍ਰ ਬੁੱਧੀ ਵਿੱਚ ਬੈਠ ਗਿਆ ਹੈ। ਬਾਪ ਸਮਝਾਉਂਦੇ ਹਨ ਤੁਸੀਂ ਸਭ ਪਾਰਵਤੀਆਂ ਹੋ, ਮੈਂ ਸ਼ਿਵ ਹਾਂ। ਕਥਾ ਆਦਿ ਇੱਥੇ ਦੀ ਗੱਲ ਹੈ, ਸੂਕ੍ਸ਼੍ਮਵਤਨ ਵਿੱਚ ਤਾਂ ਕਥਾ ਆਦਿ ਹੁੰਦੀ ਨਹੀਂ। ਅਮਰਕਥਾ ਤੁਹਾਨੂੰ ਸੁਣਾਉਂਦੇ ਹਨ ਅਮਰਪੁਰੀ ਦਾ ਮਾਲਿਕ ਬਨਾਉਣ ਲਈ। ਉਹ ਹੈ ਅਮਰਲੋਕ, ਉੱਥੇ ਤਾਂ ਸੁਖ ਹੀ ਸੁਖ ਹੈ, ਮ੍ਰਿਤੂਲੋਕ ਵਿੱਚ ਆਦਿ -ਮੱਧ -ਅੰਤ ਦੁੱਖ ਹੈ। ਕਿੰਨੀ ਚੰਗੀ ਤਰ੍ਹਾਂ ਸਮਝਾਉਂਦੇ ਹਨ। ਜਿਨ੍ਹਾਂ ਨੇ ਕਲਪ ਪਹਿਲੇ ਬਾਪ ਕੋਲੋਂ ਵਰਸਾ ਪਾਇਆ ਸੀ, ਉਹਨਾਂ ਦਾ ਹੀ ਹੁਣ ਪੁਰਸ਼ਾਰਥ ਚੱਲਦਾ ਹੈ। ਇਸ ਸਮੇਂ ਤੱਕ ਜੋ ਮਸ਼ੀਨਰੀ ਚੱਲਦੀ ਹੈ, ਪਹਿਲੇ ਵੀ ਇੰਨੀ ਚੱਲੀ ਸੀ। ਭਾਵੇਂ ਬਾਬਾ ਕਹਿੰਦੇ ਹਨ ਤੁਸੀਂ ਸਰਵਿਸ ਠੰਡੀ ਕਰਦੇ ਹੋ, ਪਰ ਇਹ ਵੀ ਸਮਝਦੇ ਹਨ ਕਿ ਕਲਪ ਪਹਿਲੇ ਜੋ ਤੁਸੀਂ ਸਰਵਿਸ ਕੀਤੀ ਸੀ ਉਹ ਹੀ ਕਰਦੇ ਹੋ। ਪੁਰਸ਼ਾਰਥ ਫਿਰ ਵੀ ਕਰਦੇ ਰਹਿਣਾ ਹੈ। ਛੋਟੇ - ਛੋਟੇ ਦੀਵਿਆਂ ਨੂੰ ਤੂਫ਼ਾਨ ਹਿਲਾ ਦੇਣਗੇ। ਖਵਈਆ ਤਾਂ ਸਭਦਾ ਇੱਕ ਬਾਪ ਹੀ ਹੈ। ਕਹਾਵਤ ਵੀ ਹੈ - ਨੈਕਾਂ ਮੇਰੀ ਪਾਰ ਲਗਾਓ... ਡਰਾਮੇ ਦੀ ਭਾਵੀ ਇਵੇਂ ਦੀ ਬਣੀ ਹੋਈ ਹੈ। ਸਭ ਉਸ ਪੁਰਾਣੀ ਦੁਨੀਆਂ ਵੱਲ ਜਾ ਰਹੇ ਹਨ। ਇੱਥੇ ਹਨ ਥੋੜ੍ਹੇ। ਤੁਸੀਂ ਕਿੰਨੇ ਥੋੜ੍ਹੇ ਹੋ। ਭਾਵੇਂ ਪਿਛਾੜੀ ਵਿੱਚ ਬਹੁਤ ਹੋਣਗੇ ਤਾਂ ਵੀ ਰਾਤ - ਦਿਨ ਦਾ ਫ਼ਰਕ ਹੈ। ਉਹ ਸਾਰੀ ਰਾਵਣ ਸੰਪ੍ਰਦਾਈ ਹੈ। ਬਾਪ ਨਸ਼ਾ ਬਹੁਤ ਚੜ੍ਹਾਉਂਦੇ ਹਨ ਫਿਰ ਬਾਹਰ ਕੁਟੁੰਬ ਪਰਿਵਾਰ ਦਾ ਮੂੰਹ ਦੇਖਿਆ ਤਾਂ ਨਸ਼ਾ ਹਲਕਾ ਹੋ ਜਾਂਦਾ ਹੈ। ਇਵੇਂ ਹੋਣਾ ਨਹੀਂ ਚਾਹੀਦਾ। ਆਤਮਾਵਾਂ ਨੂੰ ਕਿਹਾ ਜਾਂਦਾ ਹੈ ਤੁਸੀਂ ਬਾਪ ਨਾਲ ਰੂਹਰਿਹਾਨ ਕਰੋ- ਬਾਬਾ, ਅਸੀਂ ਤੁਹਾਡੇ ਸੀ, ਤੁਸੀਂ ਸਾਨੂੰ ਸਵਰਗ ਵਿੱਚ ਭੇਜਿਆ ਸੀ।

21 ਜਨਮ ਰਾਜ ਕੀਤਾ ਫਿਰ 63 ਜਨਮ ਦੁੱਖ ਪਾਇਆ। ਹੁਣ ਅਸੀਂ ਤੁਹਾਡੇ ਕੋਲੋਂ ਵਰਸਾ ਲੈਕੇ ਹੀ ਛੱਡਾਂਗੇ। ਬਾਬਾ, ਤੁਸੀਂ ਕਿੰਨੇ ਚੰਗੇ ਹੋ। ਅਸੀਂ ਤੁਹਾਨੂੰ ਅੱਧਾਕਲਪ ਭੁੱਲ ਗਏ ਸੀ। ਬਾਬਾ ਕਹਿੰਦੇ ਇਹ ਤਾਂ ਅਨਾਦਿ ਬਣਿਆ - ਬਣਾਇਆ ਡਰਾਮਾ ਹੈ। ਮੇਰੀ ਵੀ ਇਹ ਡਿਊਟੀ ਹੈ। ਮੈਂ ਕਲਪ - ਕਲਪ ਆਕੇ ਤੁਹਾਨੂੰ ਬੱਚਿਆਂ ਨੂੰ ਮਾਇਆ ਤੋਂ ਲੀਬ੍ਰੇਟ ਬਣਾਏ ਸ੍ਰਿਸ਼ਟੀ ਦੇ ਆਦਿ -ਮੱਧ -ਅੰਤ ਦਾ ਰਾਜ਼ ਸੁਣਾਉਂਦਾ ਹਾਂ। ਮੈਂ ਆਉਂਦਾ ਹੀ ਉਦੋ ਹਾਂ ਜਦੋਂ ਸਵਰਗ ਬਨਾਉਣਾ ਹੈ। ਤੁਸੀਂ ਹੁਣ ਫਰੀਸ਼ਤੇ ਬਣ ਰਹੇ ਹੋ। ਪਿਓਰਿਟੀ ਦਾ ਵੀ ਸਾਕਸ਼ਾਤਕਾਰ ਕਰਾਉਂਦੇ ਹਨ। ਤੁਹਾਨੂੰ ਨਸ਼ਟੋਮੋਹਾ ਵੀ ਬਣਨਾ ਹੈ। ਬਾਬਾ ਨੂੰ ਜੇਕਰ ਕੋਈ ਕਹਿੰਦੇ ਹਨ - ਬਾਬਾ, ਅਸੀਂ ਸਰਵਿਸ ਤੇ ਜਾਈਏ? ਤਾਂ ਬਾਬਾ ਕਹਿਣਗੇ - ਜੇਕਰ ਤੁਸੀਂ ਨਸ਼ਟੋਮੋਹਾ ਹੋ ਤਾਂ ਮਾਲਿਕ ਹੋ, ਜਿੱਥੇ ਚਾਹੇ ਜਾਓ। ਮੂੰਝਦੇ ਕਿਉਂ ਹੋ। ਮਾਲਿਕ ਹੋ, ਅਨਿਆਂ ਨੂੰ ਰਾਹ ਦੱਸਣੀ ਹੈ। ਨਸ਼ਟੋਮੋਹਾ ਨਹੀਂ ਹਨ ਤਾਂ ਪੁੱਛਦੇ ਹਨ। ਨਸ਼ਟੋਮੋਹਾ ਹੋਣ ਤੇ ਇਹ ਭੱਜਣ, ਉਹ ਠਹਿਰ ਨਾ ਸਕਣ। ਵੱਡੀ ਮੰਜ਼ਿਲ ਹੈ। ਬਾਪ ਸਰਵਿਸਏਬਲ ਬੱਚਿਆਂ ਤੇ ਕੁਰਬਾਨ ਜਾਂਦੇ ਹਨ। ਪਹਿਲੇ ਨੰਬਰ ਵਿੱਚ ਤਾਂ ਇਹ ਬਾਬਾ ਸੀ ਨਾ। ਤਿਆਗ ਤੇ ਸਭ ਕਰਦੇ ਹਨ ਪਰ ਫਿਰ ਵੀ ਇਹਨਾਂ ਦਾ ਫਸਟ ਨੰਬਰ ਹੈ।

ਬਾਬਾ ਕਹਿੰਦੇ ਹਨ ਦੇਹੀ - ਅਬਮਾਨੀ ਬਣੋ ਮਤਲਬ ਆਪਣੇ ਨੂੰ ਅਸ਼ਰੀਰੀ ਸਮਝੋ। ਬੇਹੱਦ ਦਾ ਬਾਪ ਤੁਹਾਨੂੰ 21 ਜਨਮ ਦਾ ਵਰਸਾ ਦਿੰਦੇ ਹਨ। ਅੱਛਾ, ਉਹ ਆਉਣ ਕਿਵੇਂ? ਲਿਖਿਆ ਵੀ ਹੋਇਆ ਹੈ - ਬ੍ਰਹਮਾ ਦੇ ਮੁਖ ਤੋਂ ਰਚਨਾ ਰਚਦੇ ਹਨ ਤਾਂ ਜਰੂਰ ਬ੍ਰਹਮਾ ਵਿੱਚ ਹੀ ਆਉਣਗੇ। ਬ੍ਰਹਮਾ ਨੂੰ ਹੀ ਪ੍ਰਜਾਪਿਤਾ ਕਿਹਾ ਜਾਂਦਾ ਹੈ ਤਾਂ ਉਸ ਬੇਹੱਦ ਦੇ ਬਾਪ ਕੋਲੋਂ ਆਕੇ ਵਰਸਾ ਲਵੋ। ਇਹ ਗੱਲਾਂ ਸਮਝਾਉਣ ਵਿੱਚ ਲੱਜਾ ਕੀਤੀ ਤਾਂ ਕੋਈ ਗੱਲ ਨਹੀਂ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬ੍ਰਹਮਾ ਬਾਪ ਸਮਾਨ ਤਿਆਗ ਵਿੱਚ ਨੰਬਰਵਨ ਅੱਗੇ ਜਾਣਾ ਹੈ। ਰੁਦ੍ਰ ਦੇ ਗਲੇ ਦਾ ਹਾਰ ਬਣਨ ਦੇ ਲਈ ਜਿਉਂਦੇ ਜੀ ਬਲਿਹਾਰ ਜਾਣਾ ਹੈ।

**2.** ਸਰਵਿਸਏਬਲ ਬਣਨ ਦੇ ਲਈ ਨਸ਼ਟੋਮੋਹਾ ਬਣਨਾ ਹੈ। ਅਨਿਆਂ ਨੂੰ ਰਾਹ ਦੱਸਣੀ ਹੈ।

ਵਰਦਾਨ:- ਮਨ ਦੀ ਖੁਸ਼ੀ ਦਵਾਰਾ ਬਿਮਾਰੀਆਂ ਨੂੰ ਦੂਰ ਭਜਾਉਣ ਵਾਲੇ ਏਵਰਹੈਲਦੀ ਭਵ

ਕਿਹਾ ਜਾਂਦਾ - ਮਨ ਖੁਸ਼ ਤਾਂ ਜਹਾਨ ਖੁਸ਼, ਮਨ ਦੀ ਬਿਮਾਰੀ ਨਾਲ ਸ਼ਰੀਰ ਵੀ ਪੀਲਾ ਹੋ ਜਾਂਦਾ ਹੈ। ਮਨ ਠੀਕ ਹੋਵੇਗਾ ਤਾਂ ਸ਼ਰੀਰ ਦ ਰੋਗ ਵੀ ਮਹਿਸੂਸ਼ ਨਹੀਂ ਹੋਵੇਗਾ। ਭਾਵੇਂ ਸ਼ਰੀਰ ਬੀਮਾਰ ਹੋਵੇ ਤਾਂ ਵੀ ਮਨ ਤੰਦਰੁਸਤ ਹੈ ਕਿਉਕਿ ਤੁਹਾਡੇ ਕੋਲ ਖੁਸ਼ੀ ਦੀ ਖੁਰਾਕ ਬਹੁਤ ਵਧੀਆ ਹੈ। ਇਹ ਖੁਰਾਕ ਬਿਮਾਰੀ ਨੂੰ ਭਜਾ ਦਿੰਦੀ ਹੈ, ਭੁਲਾ ਦਿੰਦੀ ਹੈ। ਤਾਂ ਮਨ ਖੁਸ਼, ਜਹਾਂ ਖੁਸ਼, ਜੀਵਨ ਖੁਸ਼, ਇਸਲਈ ਐਵਰਹੇਲਦੀ ਹੋ।

ਸਲੋਗਨ:- ਸਮੇਂ ਦੇ ਮਹੱਤਵ ਨੂੰ ਜਾਣ ਲਵੋ ਤਾਂ ਸ੍ਰਵ ਖਜਾਨਿਆਂ ਨਾਲ ਸੰਪੰਨ ਬਣ ਜਾਵੋਗੇ।

******

ਇਸ ਮਹੀਨੇ ਦੀਆਂ ਸਭ ਮੁਰਲੀਆ (ਈਸ਼ਵਰੀ ਮਹਾਂਵਾਕ) ਨਿਰਾਕਾਰ ਪਰਮਾਤਮਾ ਸ਼ਿਵ ਨੇ ਬ੍ਰਹਮਾ ਮੁਖਕਮਲ ਨਾਲ ਆਪਣੇ ਬ੍ਰਹਮਾਵਤਸੋ ਮਤਲਬ ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦੇ ਸਮੁੱਖ 18 - 1- 1969 ਤੋਂ ਪਹਿਲੇ ਉਚਾਰਨ ਕੀਤੇ ਸਨ। ਇਹ ਕੇਵਲ ਬ੍ਰਹਮਾਕੁਮਾਰੀਜ ਦੀ ਅਧਿਕ੍ਰਿਤ ਟੀਚਰ ਭੈਣਾਂ ਦਵਾਰਾ ਨਿਮਿਤ ਬੀ. ਕੇ. ਭੈਣਾਂ ਦਵਾਰਾ ਨਿਮਿਤ ਬੀ.ਕੇ. ਵਿਧਿਰਥੀਆਂ ਨੂੰ ਸੁਨਾਉਣ ਲਈ ਹਨ।